ਦਫ਼ਤਰ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ, ਮੋਗਾ

## ਮੋਗਾ ਜ਼ਿਲ੍ਹੇ ਦੇ ਕੁੱਲ 331 ਪਿੰਡਾਂ ’ਚੋਂ 324 ਪਿੰਡਾਂ ਦੇ ਜ਼ਮੀਨੀ ਰਿਕਾਰਡ ਦਾ ਕੰਪਿਊਟਰੀਕਰਨ ਮੁਕੰਮਲ-ਡਿਪਟੀ ਕਮਿਸ਼ਨਰ

- **ਬਾਕੀ ਰਹਿੰਦੇ 7 ਪਿੰਡਾਂ ਦੇ ਰਿਕਾਰਡ ਦਾ ਵੀ ਛੇਤੀ ਹੋਵੇਗਾ ਕੰਪਿਊਟਰੀਕਰਨ**
- **ਕੰਪਿਊਟਰੀਕਰਨ ਤਹਿਤ ਜ਼ਿਮੀਦਾਰਾਂ ਨੂੰ ਜ਼ਮੀਨੀ ਰਿਕਾਰਡ ਚੈਕ ਕਰਨਾ ਹੋਇਆ ਆਸਾਨ**

ਮੋਗਾ 25 ਮਾਰਚ:

ਪੰਜਾਬ ਸਰਕਾਰ ਵੱਲੋਂ ਮਾਲ ਦਫ਼ਤਰਾਂ ਜਾਂ ਪਟਵਾਰੀ ਪੱਧਰ ’ਤੇ ਲੋਕਾਂ ਦੀ ਖੱਜਲ ਖੁਆਰੀ ਨੂੰ ਰੋਕਣ ਲਈ ਸੂਬੇ ‘ਚ ਸਮੁੱਚੇ ਜ਼ਮੀਨੀ ਰਿਕਾਰਡ ਦਾ ਕੰਪਿਊਟਰੀਕਰਨ ਕੀਤਾ ਜਾ ਰਿਹਾ ਹੈ, ਜਿਸ ਤਹਿਤ ਜ਼ਿਮੀਦਾਰ ਦੇਸ਼/ਵਿਦੇਸ਼ ਵਿੱਚ ਕਿਤੇ ਵੀ ਘਰ ਬੈਠਿਆਂ ਹੀ ਕੰਪਿਊਟਰ ’ਤੇ www.plrs.org.in ਵੈਬਸਾਈਟ ’ਤੇ ਆਪਣੀ ਜ਼ਮੀਨ ਦਾ ਰਿਕਾਰਡ ਚੈਕ ਕਰ ਸਕਦਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਸ੍ਰ. ਕੁਲਦੀਪ ਸਿੰਘ ਵੈਦ ਨੇ ਦੱਸਿਆ ਕਿ ਮੋਗਾ ਜ਼ਿਲ੍ਹੇ ਦੀਆਂ ਚਾਰ ਤਹਿਸੀਲਾਂ ਮੋਗਾ, ਬਾਘਾਪੁਰਾਣਾ, ਨਿਹਾਲ ਸਿੰਘ ਵਾਲਾ ਤੇ ਧਰਮਕੋਟ ਅਤੇ ਇੱਕ ਸਬ ਤਹਿਸੀਲ ਬੱਧਨੀ ਕਲਾਂ ਦੇ 331 ਪਿੰਡਾ ’ਚੋਂ 324 ਪਿੰਡਾਂ ਦੀ ਜ਼ਮੀਨ ਦਾ ਸਾਰਾ ਰਿਕਾਰਡ ਕੰਪਿਊਟਰਾਈਜ਼ਡ ਕਰ ਦਿੱਤਾ ਗਿਆ ਹੈ ਅਤੇ ਬਾਕੀ ਰਹਿੰਦੇ 7 ਪਿੰਡਾਂ ਦੀ ਡਾਟਾ ਐਂਟਰੀ ਦਾ ਕੰਮ ਜੰਗੀ ਪੱਧਰ ‘ਤੇ ਚੱਲ ਰਿਹਾ ਹੈ ਅਤੇ ਜਲਦੀ ਹੀ ਜ਼ਿਲ੍ਹੇ ਦੇ 100 ਫ਼ੀਸਦੀ ਪਿੰਡ ਆਨ-ਲਾਈਨ ਹੋ ਜਾਣਗੇ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਸੂਬੇ ਦੇ ਮੁੱਖ ਮੰਤਰੀ ਸ. ਪਰਕਾਸ਼ ਸਿੰਘ ਬਾਦਲ ਅਤੇ ਉਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਦੀ ਲੋਕਾਂ ਨੂੰ ਪਾਰਦਰਸ਼ੀ ਪ੍ਰਸ਼ਾਸ਼ਨ ਦੇਣ ਦੀ ਉਸਾਰੂ ਸੋਚ ਸਦਕਾ ਜ਼ਮੀਨੀ ਰਿਕਾਰਡ ਕੰਪਿਊਟਰਾਈਜ਼ਡ ਹੋਣ ਨਾਲ ਫ਼ਰਦ ਕੇਂਦਰਾਂ ਰਾਹੀਂ ਆਮ ਲੋਕਾਂ ਨੂੰ ਸਿੱਧੇ ਤੌਰ ‘ਤੇ ਲਾਭ ਮਿਲ ਰਿਹਾ ਹੈ। ਉਨ੍ਹਾਂ ਦੱਸਿਆ ਕਿ ਕਿਸਾਨਾਂ ਅਤੇ ਹੋਰ ਜ਼ਮੀਨ ਮਾਲਕਾਂ ਨੂੰ ਜ਼ਮੀਨੀ ਰਿਕਾਰਡ ਹਾਸਲ ਕਰਨ ਤੇ ਜ਼ਮੀਨ ਦੀਆਂ ਫ਼ਰਦਾਂ ਆਦਿ ਲੈਣ ਦਾ ਕੰਮ ਬਹੁਤ ਅਸਾਨ ਹੋ ਗਿਆ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਦੇ ਵੱਖ-ਵੱਖ ਫ਼ਰਦ ਕੇਂਦਰਾਂ ਰਾਹੀਂ ਜਮੀਨ ਮਾਲਕਾਂ ਨੂੰ 20 ਰੁਪਏ ਪ੍ਰਤੀ ਪੰਨਾ ਵਸੂਲ ਕੇ 15 ਮਿੰਟਾਂ ‘ਚ ਫ਼ਰਦ ਮੁਹੱਈਆ ਕਰਵਾ ਦਿੱਤੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਇੰਨ੍ਹਾਂ ਫ਼ਰਦ ਕੇਂਦਰਾਂ ‘ਚ ਜਿੱਥੇ ਲੋਕਾਂ ਦਾ ਸਮਾਂ ਬਰਬਾਦ ਨਹੀਂ ਹੁੰਦਾ, ਉੱਥੇ ਬਿਨ੍ਹਾਂ ਕਿਸੇ ਰਿਸ਼ਵਤ ਦਿੱਤਿਆਂ ਪਾਰਦਰਸ਼ੀ ਤੇ ਆਸਾਨ ਢੰਗ ਨਾਲ ਜ਼ਮੀਨ ਮਾਲਕ ਨੂੰ ਜ਼ਮੀਨੀ ਰਿਕਾਰਡ ਦੀ ਨਕਲ ਪ੍ਰਾਪਤ ਹੋ ਜਾਂਦੀ ਹੈ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਤਹਿਸੀਲ ਮੋਗਾ ਦੀਆਂ 84 ਜਮਾਂਬੰਦੀਆਂ ਵਿੱਚੋਂ 80 ਨੂੰ ਕੰਪਿਊਟਰਾਈਜ਼ਡ ਕੀਤਾ ਜਾ ਚੁੱਕਾ ਹੈ, ਜਦਕਿ ਬਾਕੀ ਰਹਿੰਦੀਆਂ 4 ਜਮਾਂਬੰਦੀਆਂ ਜਿੰਨ੍ਹਾਂ ਵਿੱਚ ਮੋਗਾ ਮਹਿਲਾ ਸਿੰਘ-1,2,3 ਅਤੇ ਮੋਗਾ ਜੀਤ ਸਿੰਘ-1 ਸ਼ਾਮਲ ਹਨ, ਦੇ ਜ਼ਮੀਨੀ ਰਿਕਾਰਡ ਦਾ ਵੀ ਛੇਤੀ ਹੀ ਕੰਪਿਊਟਰੀਕਰਨ ਕਰ ਦਿੱਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਤਹਿਸੀਲ ਬਾਘਾਪੁਰਾਣਾ ਦੀਆਂ 56 ਜਮਾਂਬੰਦੀਆਂ ਵਿੱਚੋਂ 55 ਨੂੰ ਕੰਪਿਊਟਰਾਈਜਡ ਕਰ ਦਿੱਤਾ ਗਿਆ ਹੈ, ਜਦਕਿ ਬਾਘਾਪੁਰਾਣਾ-1,2 ਦਾ ਰਿਕਾਰਡ ਛੇਤੀ ਹੀ ਕੰਪਿਊਟਰਾਈਜ਼ਡ ਕਰ ਦਿੱਤਾ ਜਾਵੇਗਾ।

ਸ. ਵੈਦ ਨੇ ਹੋਰ ਅੱਗੇ ਦੱਸਿਆ ਕਿ ਤਹਿਸੀਲ ਨਿਹਾਲ ਸਿੰਘ ਵਾਲਾ  ਦੇ ਸਾਰੇ 31 ਪਿੰਡਾਂ ਦਾ ਰਿਕਾਰਡ ਆਨ-ਲਾਈਨ ਹੋ ਚੁੱਕਾ ਹੈ। ਇਸੇ ਤਰ੍ਹਾਂ ਤਹਿਸੀਲ ਧਰਮਕੋਟ ਦੇ 151 ਪਿੰਡਾਂ ਵਿੱਚੋਂ 149 ਦਾ ਰਿਕਾਰਡ ਕੰਪਿਊਟਰਾਈਜ਼ਡ ਹੋ ਚੁੱਕਾ ਹੈ ਅਤੇ 2 ਪਿੰਡਾਂ ਦਾ ਜ਼ਮੀਨੀ ਰਿਕਾਰਡ ਵੀ ਛੇਤੀ ਕੰਪਿਊਟਰਾਈਜ਼ਡ ਹੋ ਜਾਵੇਗਾ। ਇਸ ਤੋਂ ਇਲਾਵਾ ਸਬ ਤਹਿਸੀਲ ਬੱਧਨੀ ਕਲਾਂ ਦੇ ਸਾਰੇ 9 ਪਿੰਡਾਂ ਦਾ ਰਿਕਾਰਡ ਕੰਪਿਊਟਰਾਈਜਡ ਹੋ ਚੁੱਕਾ ਹੈ।

---------------